# ਪੰਜਾਬ ਸਟੇਟ ਮਿਡ ਡੇ ਮੀਲ ਸੋਸਾਇਟੀ

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਪੰਜਵੀਂ ਮੰਜਿਲ, ਐਸ.ਏ.ਐਸ ਨਗਰ) ਮੋਹਾਲੀ(
ਫੋਨ ਨੰ :0172-5212307,2210019
E-mail-id-mdmpunjab@punjabeducation.gov.in

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ)
ਪੰਜਾਬ।

ਮੀਮੋ ਨੰ. ਐਮ.ਡੀ.ਐਮ.ਐਸ/2025/ 218233 ਮਿਤੀ 30-07-2025

ਵਿਸ਼ਾ: **National De-worming Day.**

ਹਵਾਲਾ: ਸਿਹਤ ਵਿਭਾਗ ਵੱਲੋਂ ਪ੍ਰਾਪਤ ਈਮੇਲ 22.07.2025 ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਅਧੀਨ ਆਪ ਦੇ ਜਿਲ੍ਹੇ ਵਿੱਚ ਪੈਂਦੇ ਸਰਕਾਰੀ ਅਤੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਵਿਚ ਪੜ੍ਹਦੇ ਪਹਿਲੀ ਤੋ ਬਾਰ੍ਹਵੀ ਕਲਾਸ ਤੱਕ ਦੇ ਵਿਦਿਆਰਥੀਆ ਨੂੰ ਪੇਟ ਦੇ ਕੀੜਿਆਂ ਦੀ ਰੋਕਥਾਮ ਲਈ ਪੰਜਾਬ ਸਰਕਾਰ ਦੇ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਵੱਲੋ ਮਿਤੀ ਵੱਲੋਂ ਮਿਤੀ 07 ਅਗਸਤ, 2025 ਨੂੰ National De-worming Day ਦਾ ਸਮਾ ਨਿਸ਼ਚਿਤ ਕੀਤਾ ਗਿਆ ਹੈ ਅਤੇ Mop-UP Day 14 ਅਗਸਤ ਰੱਖੀ ਗਈ ਹੈ (ਕਾਪੀ ਨੱਥੀ) ।

ਸੋ, ਉਕਤ ਸਬੰਧੀ ਆਪਦੇ ਨਾਲ ਸਬੰਧਤ ਜਿਲ੍ਹੇ ਵਿਚ ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਮਿਥੇ ਪ੍ਰੋਗਰਾਮ ਅਨੁਸਾਰ ਸਾਰੇ ਸਕੂਲਾਂ ਵਿਚ ਲੋੜੀਦੇ ਇੰਤਜਾਮ ਕੀਤੇ ਜਾਣ ਵਾਲੇ ਅਤੇ ਵਿਦਿਆਰਥੀਆ ਦੀ 100% ਹਾਜਰੀ ਯਕੀਨੀ ਬਣਾਈ ਜਾਵੇ, ਤਾ ਜੋ ਕੋਈ ਵੀ ਬੱਚਾ ਗੋਲੀ ਖਾਣ ਤੋ ਵਾਂਝਾ ਨਾ ਰਹਿ ਜਾਵੇ, ਜੇਕਰ ਕੋਈ ਵਿਦਿਆਰਥੀ ਨੂੰ ਕਿਸੇ ਕਾਰਨ ਮਿਤੀ 07-07-2025 ਨੂੰ ਸਕੂਲ ਵਿਚ ਹਾਜ਼ਰ ਨਹੀ ਹੁੰਦਾ ਤਾ ਉਸਨੂੰ Mop-UP Day 14 ਅਗਸਤ ਨੂੰ De-worming ਦੀ ਦਵਾਈ ਦਿੱਤੀ ਜਾਵੇ।

ਇਸ ਤੋ ਇਲਾਵਾ ਇਸ ਗੱਲ ਦਾ ਖਾਸ ਧਿਆਨ ਰੱਖਿਆ ਜਾਵੇ ਕਿ ਇਹ ਗੋਲੀ ਖਾਲੀ ਪੇਟ ਕਿਸੇ ਵੀ ਬੱਚੇ ਨੂੰ ਨਾ ਦਿੱਤੀ ਜਾਵੇ ਸਗੋ ਮਿਡ ਡੇ ਮੀਲ ਦੇਣ ਤੋ ਬਾਅਦ ਹੀ ਦਿੱਤੀ ਜਾਵੇ। ਮਿੱਥੇ ਪ੍ਰੋਗਰਾਮ ਅਨੁਸਾਰ ਡੀ.ਵਾਰਮਿੰਗ ਦਿਵਸ ਮਨਾਉਣ ਉਪਰੰਤ ਰਿਪੋਰਟ ਮੁੱਖ ਦਫਤਰ ਭੇਜੀ ਜਾਵੇ।

ਇਨ੍ਹਾਂ ਹੁਕਮਾਂ ਦੀ ਇੰਨ-ਬਿਨ ਪਾਲਣਾ ਕੀਤੀ ਜਾਵੇ।

ਜਰਨਲ ਮੈਨੇਜਰ

ਪੰਜਾਬ ਸਰਕਾਰ
ਸਿਹਤ ਤੇ ਪਰਿਵਾਰ ਭਲਾਈ ਵਿਭਾਗ
ਪਰਿਵਾਰ ਕਲਿਆਣ ਭਵਨ ਸੈਕਟਰ- 34- ਏ, ਚੰਡੀਗੜ੍ਹ।

ਮੀਮੋ ਨੰ: ਐਚ.ਈ.ਐਨ/ਪੰ/2025/1096-1118 ਮਿਤੀ: 22/7/2025 ਚੰਡੀਗੜ੍ਹ

ਵੱਲ

ਸਮੂਹ ਸਿਵਲ ਸਰਜਨ,

ਪੰਜਾਬ ਰਾਜ।

ਵਿਸ਼ਾ : ਨੈਸ਼ਨਲ ਡੀ ਵਾਰਮਿੰਗ ਦਿਵਸ ਅਗਸਤ 2025 ਮਨਾਉਣ ਬਾਰੇ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਦੇ ਧਿਆਨ ਵਿੱਚ ਲਿਆਂਦਾ ਜਾ ਰਿਹਾ ਹੈ ਕਿ ਆਂਗਣਵਾੜੀ ਕੇਂਦਰਾਂ ਅਤੇ ਸਕੂਲਾਂ ਨੂੰ ਪਲੇਟਫਾਰਮ ਰੱਖਕੇ ਨੈਸ਼ਨਲ ਡੀ ਵਾਰਮਿੰਗ ਦਿਵਸ ਅਗਸਤ 2025 ਰਾਉਂਡ ਮਨਾਇਆ ਜਾਣਾ ਹੈ। ਸਕੂਲ ਸਿੱਖਿਆ ਵਿਭਾਗ ਅਤੇ ਸਮਾਜਿਕ ਸੁਰੱਖਿਆ ਵਿਭਾਗ ਤੇ ਬਾਲ ਵਿਕਾਸ ਵਿਭਾਗ ਨਾਲ ਹੋਏ ਪੱਤਰ ਵਿਵਹਾਰ ਅਨੁਸਾਰ ਦੋਵਾਂ ਵਿਭਾਗਾਂ ਦੁਆਰਾ 07-08-2025 ਨੂੰ ਨੈਸ਼ਨਲ ਡੀਵਾਰਮਿੰਗ ਦਿਵਸ ਅਤੇ ਮੋਪ-ਅੱਪ ਦਿਵਸ 14-08-2025 ਨੂੰ ਮਨਾਉਣ ਸਬੰਧੀ ਸਹਿਮਤੀ ਪ੍ਰਗਟਾਈ ਹੈ। ਇਸ ਲਈ ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਵਾਰ ਨੈਸ਼ਨਲ ਡੀ ਵਾਰਮਿੰਗ ਦਿਵਸ ਅਗਸਤ 2025 ਮਹੀਨੇ ਦੌਰਾਨ ਮਿਤੀ 07-08-2025 ਅਤੇ ਮੋਪ-ਅੱਪ ਦਿਵਸ 14-08-2025 ਨੂੰ ਮਨਾਇਆ ਜਾਣਾ ਹੈ। ਇਸ ਲਈ ਲੋੜ ਅਨੁਸਾਰ ਪੁਖਤਾ ਪ੍ਰਬੰਧ ਕੀਤੇ ਜਾਣ।

ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ ਜੀ।

Jasminder 22/07/25
ਡਾਇਰੈਕਟਰ, ਸਿਹਤ ਸੇਵਾਵਾਂ ਪਰਿਵਾਰ ਭਲਾਈ ਪੰਜਾਬ।

ਮੀਮੋ ਨੰ: ਐਚ.ਈ.ਐਨ/ਪੰ/2025/1119-20 ਮਿਤੀ: 22/7/25 ਚੰਡੀਗੜ੍ਹ

ਉਤਾਰਾ:

1. ਡਾਇਰੈਕਟਰ, ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਜੀ ਨੂੰ ਸੂਚਨਾ ਹਿੱਤ।
2. ਡਾਇਰੈਕਟਰ, ਸਕੂਲ ਸਿੱਖਿਆ ਵਿਭਾਗ ਪੰਜਾਬ ਜੀ ਨੂੰ ਸੂਚਨਾ ਹਿੱਤ।

ਦਫਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ) ਪਟਿਆਲਾ
ਪਿੱਠ ਅੰਕਣ ਨੰ: ਈ-1/1(1)-2025/1623 ਮਿਤੀ: 01/08/2025

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ, ਜ਼ਿਲ੍ਹਾ ਪਟਿਆਲਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਵਿੱਚ ਦਰਜ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

Jasminder 22/07/25
ਡਾਇਰੈਕਟਰ, ਸਿਹਤ ਸੇਵਾਵਾਂ ਪਰਿਵਾਰ ਭਲਾਈ ਪੰਜਾਬ।

1/8/25
ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ)
ਪਟਿਆਲਾ।
1/08/25